# ਸਾਡਾ ਬੱਚੇ ਲਈ ਸੁਖਾਵਾਂ ਵਾਅਦਾ

ਬੱਚੇ ਨੂੰ ਦੁੱਧ ਪਿਆਉਣਾ
ਬੱਚੇ ਲਈ ਸੁਖਾਵੇਂ ਤਰੀਕੇ ਨਾਲ

ਅਸੀਂ ਸਾਰੇ ਪਰਿਵਾਰਾਂ ਦੀਆਂ ਬੱਚਿਆਂ ਨੂੰ ਦੁੱਧ ਪਿਆਉਣ ਦੇ ਤਰੀਕਿਆਂ ਦੀਆਂ ਚੋਣਾਂ ਦਾ ਸਮਰਥਨ ਕਰਦੇ ਹਾਂ।

ਅਸੀਂ ਪਰਿਵਾਰਾਂ ਨੂੰ ਬੱਚਿਆਂ ਨੂੰ ਸੁਰੱਖਿਅਤ ਅਤੇ ਪੌਸ਼ਟਿਕ ਤਰੀਕੇ ਨਾਲ ਦੁੱਧ ਪਿਲਾਉਣ ਲਈ ਜਾਣਕਾਰੀ ਪ੍ਰਦਾਨ ਕਰਦੇ ਹਾਂ।

ਸਾਡੀ ਨੀਤੀ ਛਾਤੀ ਦੇ ਦੁੱਧ* ਨੂੰ ਵਧਾਵਾ ਦੇਣ, ਸੁਰੱਖਿਅਤ ਰੱਖਣ ਅਤੇ ਸਮਰਥਨ ਕਰਨ ਦੀ ਹੈ। ਸਾਡੇ ਸਟਾਫ ਨੂੰ ਇਸ ਨੀਤੀ ਦੀ ਪਾਲਣਾ ਕਰਨ ਦੀ ਸਿਖਲਾਈ ਦਿੱਤੀ ਗਈ ਹੈ।

ਗਰਭ ਠਹਿਰਣ ਤੋਂ ਪਹਿਲਾਂ ਅਤੇ ਬਾਅਦ ਦੇ ਅਰਸੇ ਦੌਰਾਨ ਅਸੀਂ ਵਿਅਕਤੀਗਤ ਅਤੇ ਪਰਿਵਾਰਕ ਪੱਧਰ ‘ਤੇ ਲੋਕਾਂ ਨੂੰ ਛਾਤੀ ਦੇ ਦੁੱਧ ਦੇ ਮਹੱਤਵ ਬਾਰੇ ਜਾਣਕਾਰੀ ਦਿੰਦੇ ਹਾਂ।

ਅਸੀਂ ਮਾਪਿਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਪ੍ਰੇਰਿਤ ਕਰਦੇ ਹਾਂ ਕਿ ਉਹ ਬੱਚਿਆਂ ਨੂੰ ਚਮੜੀ ਤੋਂ ਚਮੜੀ ਦੇ ਸੰਪਰਕ ਵਾਲੇ ਸੁਰੱਖਿਅਤ ਤਰੀਕੇ ਨਾਲ ਪਕੜ ਕੇ ਦੁੱਧ ਚੁੰਘਾਉਣ।

ਅਸੀਂ ਇਸ ਗੱਲ ਦੀ ਹਿਮਾਇਤ ਕਰਦੇ ਹਾਂ ਕਿ ਮਾਪੇ ਅਤੇ ਉਹਨਾਂ ਦੇ ਪਰਿਵਾਰ ਪਹਿਲੇ ਛੇ ਮਹੀਨੇ ਬੱਚੇ ਨੂੰ ਸਿਰਫ ਛਾਤੀ ਦਾ ਦੁੱਧ* ਪਿਲਾਉਣ ਅਤੇ ਉਸਦੇ ਬਾਅਦ ਦੋ ਸਾਲ ਦੀ ਉਮਰ ਤਕ ਛਾਤੀ ਦੇ ਦੁੱਧ* ਦੇ ਨਾਲ-ਨਾਲ ਠੋਸ ਭੋਜਨ ਦੇਣ।

ਅਸੀਂ ਟੋਰਾਂਟੋ ਸ਼ਹਿਰ ਵਿੱਚ ਆਪਣੇ ਭਾਈਚਾਰਕ ਭਾਈਵਾਲਾਂ ਨਾਲ ਮਿਲ ਕੇ ਛਾਤੀ ਦੇ ਦੁੱਧ ਦਾ ਸਮਰਥਨ ਕਰਦੇ ਹਾਂ।

ਅਸੀਂ ਨਵਜਾਤ ਬੱਚੇ ਲਈ ਫਾਰਮੂਲਾ, ਬੋਤਲਾਂ, ਨਿੱਪਲਾਂ ਜਾਂ ਚੁਸਣੀਆਂ ਨਹੀਂ ਵੰਡਦੇ।

ਅਸੀਂ ਟੋਰਾਂਟੋ ਸ਼ਹਿਰ ਦੀ ਪ੍ਰਾਪਰਟੀ ‘ਤੇ ਕਿਸੇ ਵੀ ਥਾਂ ‘ਤੇ ਅਤੇ ਅਜਿਹੇ ਹੋਰ ਸਥਾਨਾਂ ‘ਤੇ ਜਿਥੇ ਅਸੀਂ ਇਹ ਸੇਵਾ ਮੁਹੱਈਆ ਕਰਦੇ ਹਾਂ, ਮਾਪਿਆਂ ਵੱਲੋਂ ਬੱਚੇ ਨੂੰ ਛਾਤੀ ਚੁੰਘਾਉਣ ਦਾ ਸੁਆਗਤ ਕਰਦੇ ਹਾਂ।

*The terms breast milk/breastfeed/breastfeeding are also known as chest milk/chestfeed/chestfeeding respectively and can be used interchangeably.



PH1702SS1227

416.338.7600 toronto.ca/health

TORONTO Public Health